**Series A6BAB/C**

**SET~3**

**Q.P. Code 221/6/3**

Roll No. | | | | | | | | |

Candidates must write the Q.P. Code on the title page of the answer-book.

| | **ਨੋਟ** | | ***NOTE*** |
|---|---|---|---|
| *(I)* | *ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **5** ਪੰਨੇ ਹਨ ।* | *(I)* | *Please check that this question paper contains **5** printed pages.* |
| *(II)* | *ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।* | *(II)* | *Q.P. Code given on the right hand side of the question paper should be written on the title page of the answer-book by the candidate.* |
| *(III)* | *ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ ।* | *(III)* | *Please check that this question paper contains **13** questions.* |
| *(IV)* | ***ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।*** | *(IV)* | ***Please write down the serial number of the question in the answer-book before attempting it.*** |
| *(V)* | *ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।* | *(V)* | *15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.* |

# ਰਾਜਨੀਤਿ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 2 ਘੰਟੇ* | *ਪੂਰਨ ਅੰਕ : 40*

*Time allowed : 2 hours* | *Maximum Marks : 40*

*ਵਿਆਪਕ ਨਿਰਦੇਸ਼ :*

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ ਕੁੱਲ* **13** *ਪ੍ਰਸ਼ਨ ਹਨ ।* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਇਸ ਪ੍ਰਸ਼ਨ ਪੱਤਰ ਵਿਚ* ***ਤਿੰਨ*** *ਖੰਡ ਹਨ –* ***ਖੰਡ ਕ, ਖ*** *ਅਤੇ* ***ਗ*** *।*

*(iii)* ***ਖੰਡ ਕ*** *ਵਿਚ* **8** *ਪ੍ਰਸ਼ਨ (ਪ੍ਰਸ਼ਨ ਸੰਖਿਆ* **1** *ਤੋਂ* **8***) ਹਰ ਇਕ* **2** *ਅੰਕ ਦੇ ਹਨ । ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 50 ਸ਼ਬਦਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ ।*

*(iv)* ***ਖੰਡ ਖ*** *ਵਿਚ* **3** *ਪ੍ਰਸ਼ਨ (ਪ੍ਰਸ਼ਨ ਸੰਖਿਆ* **9** *ਤੋਂ* **11***) ਹਰ ਇਕ* **4** *ਅੰਕ ਦੇ ਹਨ । ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 100 ਸ਼ਬਦਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ । ਮਾਨਚਿੱਤਰ ਅਧਾਰਿਤ ਪ੍ਰਸ਼ਨਾਂ ਦੇ ਉੱਤਰ ਨਿਰਦੇਸ਼ਾਨੁਸਾਰ ਦਿਤੇ ਜਾਣੇ ਚਾਹੀਦੇ ਹਨ ।*

*(v)* ***ਖੰਡ ਗ*** *ਵਿਚ* **2** *ਪ੍ਰਸ਼ਨ (ਪ੍ਰਸ਼ਨ ਸੰਖਿਆ* **12** *ਅਤੇ* **13***) ਹਰ ਇਕ* **6** *ਅੰਕ ਦੇ ਹਨ । ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 170 ਸ਼ਬਦਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਕਿ, ਕੁਛ ਪ੍ਰਸ਼ਨਾਂ ਵਿਚ ਆਂਤਰਿਕ ਵਿਕਲਪ ਦੀ ਚੋਣ ਪ੍ਰਦਾਨ ਕੀਤੀ ਗਈ ਹੈ । ਇਸ ਪ੍ਰਕਾਰ ਦੇ ਪ੍ਰਸ਼ਨਾਂ ਵਿੱਚੋਂ ਕੇਵਲ ਇਕ ਹੀ ਪ੍ਰਸ਼ਨ ਦਾ ਉੱਤਰ ਲਿਖੋ ।*

## ਖੰਡ ਕ

**1.** 21ਵੀਂ ਸਦੀ ਦੇ ਇਜਰਾਇਲ ਨੂੰ ਇਕ ਮਹਤਵਪੂਰਨ ਉਭਰਦੀ ਹੋਈ ਵਿਸ਼ਵਿਕ ਸ਼ਕਤੀ ਦੇ ਰੂਪ ਵਿਚ ਸਥਾਪਤ ਕਰਨ ਵਾਲੇ ਕਿਸੇ ਦੋ ਖੇਤਰਾਂ ਦਾ ਵਰਣਨ ਕਰੋ । *2×1=2*

**2.** 2014 ਤੋਂ ਪਿਛੋਂ ਭਾਰਤੀ ਰਾਜਨੀਤੀ ਵਿਚ ਹੋਏ ਕਿਸੇ ਦੋ ਬਦਲਾਵਾਂ ਦਾ ਵਰਣਨ ਕਰੋ । *2×1=2*

**3.** ‘‘ਕਾਂਗਰੇਸ ਸਿੰਡੀਕੇਟ’’ ਦਾ ਅਰਥ ਸਪਸ਼ਟ ਕਰੋ । *2*

**4.** (a) ਗਠਬੰਧਨ ਸਰਕਾਰਾਂ ਇਕ–ਦਲੀ ਸਰਕਾਰਾਂ ਦੇ ਮੁਕਾਬਲੇ ਤੇ ਕਿਵੇਂ ਜਿਆਦਾ ਲੋਕਤੰਤਰੀ ਸਾਬਿਤ ਹੁੰਦੀਆਂ ਹਨ ? *2*

**ਜਾਂ**

(b) ਗਠਬੰਧਨ ਸਰਕਾਰਾਂ ਅਗਵਾਈ ਕਰਨ ਵਾਲੇ ਭਾਰਤ ਦੇ ਕਿਸੇ ਚਾਰ ਪ੍ਰਧਾਨ ਮੰਤਰੀਆਂ ਦੇ ਨਾਮਾਂ ਨੂੰ ਉਜਾਗਰ ਕਰੋ । $4\times\frac{1}{2}=2$

**5.** ਭਾਰਤ ਅਤੇ ਮਾਲਦੀਵ ਦੇ ਦਰਮਿਆਨ ਸੰਬੰਧਾਂ ਦੀਆਂ ਕਿਸੇ ਦੋ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰੋ । *2×1=2*

**6.** ਭਾਰਤ ਵਿਚ ਆਜ਼ਾਦੀ ਤੋਂ ਪਿਛੋਂ ਮਤਦਾਨ (ਵੋਟ ਪਾਉਣ) ਦੀ ਵਿਧੀ ਵਿਚ ਕੀਤੇ ਗਏ ਕਿਸੇ ਦੋ ਬਦਲਾਵਾਂ ਦਾ ਵਰਣਨ ਕਰੋ । *2×1=2*

**7.** 1967 ਵਿਚ ਰਾਜ ਵਿਧਾਨ ਸਭਾ ਚੁਨਾਵਾਂ ਵਿਚ ਕਾਂਗਰੇਸ ਪਾਰਟੀ ਦੀ ਹਾਰ ਦੇ ਕਿਸੇ ਦੋ ਕਾਰਣਾਂ ਦੀ ਪਰਖ ਕਰੋ । *2×1=2*

**8.** ਕੋਈ ਦੋ ਦਲੀਲਾਂ ਦੇ ਕੇ ਦਰਸਾਓ ਕਿ ਵਿਸ਼ਵੀਕਰਣ ਦਾ ਵਿਚਾਰ ਭਾਰਤ ਦੇ ਲਈ ਨਵਾਂ ਨਹੀਂ ਹੈ । *2×1=2*

## ਖੰਡ ਖ

**9.** ਵਿਸ਼ਵੀਕਰਣ ਦੇ ਕਿਸੇ ਦੋ ਰਾਜਨੀਤਿਕ ਨਤੀਜਿਆਂ ਤੇ ਰੋਸ਼ਨੀ ਪਾਓ । *2×2=4*

**10.** ਨਸਲੀ ਸੰਘਰਸ਼ ਦੇ ਬਾਵਜੂਦ ਵੀ ਸ਼੍ਰੀਲੰਕਾ ਨੇ ਮਨੁੱਖੀ ਵਿਕਾਸ ਨੂੰ ਕਿਵੇਂ ਹਾਸਲ ਕੀਤਾ ? ਸਪਸ਼ਟ ਕਰੋ । *4*

**11.** **ਭਾਰਤ** ਦੇ ਦਿਤੇ ਗਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 4 ਤੇ), ਵਿਚ ਚਾਰ ਰਾਜਾਂ ਨੂੰ Ⓐ, Ⓑ, Ⓒ ਅਤੇ Ⓓ ਰਾਹੀਂ ਨਿਸ਼ਾਨਦੇਹੀ ਕੀਤੀ ਗਈ ਹੈ । ਹੇਠ ਦਿਤੀ ਗਈ ਜਾਣਕਾਰੀ ਦੇ ਅਧਾਰ ਤੇ ਇਨ੍ਹਾਂ ਰਾਜਾਂ ਦੀ ਪਛਾਣ ਕਰੋ ਅਤੇ ਆਪਣੀ ਉੱਤਰ-ਪੁਸਤਕ ਵਿਚ ਇਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਮਾਨਚਿੱਤਰ ਵਿਚ ਦਿੱਤਾ ਗਿਆ ਸੰਬੰਧਿਤ ਅੱਖਰ, ਹੇਠ ਦਿਤੇ ਨਮੂਨੇ ਦੀ ਸਾਰਣੀ ਦੇ ਅਨੁਸਾਰ ਲਿਖੋ :

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਮਾਨਚਿੱਤਰ ਵਿਚ ਸੰਬੰਧਿਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |

(i) ਉਹ ਰਾਜ ਜਿੱਥੇ ਬਹੁਜਨ ਸਮਾਜ ਪਾਰਟੀ ਨੇ ਆਪਣੀ ਪਹਿਲੀ ਸਰਕਾਰ ਬਣਾਈ ।

(ii) ਉਹ ਰਾਜ ਜਿਨ੍ਹਾਂ ਨਾਲ ਕੇ. ਕਾਮਰਾਜ ਸੰਬੰਧਿਤ ਸਨ ।

(iii) ਭਾਰਤੀ ਸੰਘ ਦਾ ਨਵੀਨਤਮ ਕੇਂਦਰ ਸ਼ਾਸਿਤ ਖੇਤਰ (ਸੰਘ ਰਾਜ ਖੇਤਰ) ।

(iv) ਉਹ ਰਾਜ ਜਿੱਥੋਂ ਭਾਰਤੀ ਜਨਤਾ ਪਾਰਟੀ ਨੇ ਰੱਥ ਯਾਤਰਾ ਸ਼ੁਰੂ ਕੀਤੀ ਸੀ । *4×1=4*

ਪ੍ਰਸ਼ਨ ਸੰ. 11 ਦੇ ਲਈ



ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਿਕ)
D
B
A
C
km
Scale 1:15000,000
km
100 50 0
100 200 300 400 500

***ਨੋਟ:*** *ਹੇਠ ਲਿੱਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 11 (ਮਾਨਚਿੱਤਰ ਪ੍ਰਸ਼ਨ) ਦੇ ਥਾਂ ਤੇ ਹੈ :*

1975 ਵਿਚ ਆਪਾਤਕਾਲ ਦੀ ਘੋਸ਼ਣਾ ਤੋਂ ਪਹਿਲਾਂ ਕਾਂਗਰੇਸ ਸਰਕਾਰ ਦੇ ਖਿਲਾਫ ਪ੍ਰਦਸ਼ਨਾਂ ਦੇ ਲਈ ਜੁੰਮੇਵਾਰ ਕਿਸੇ ਦੋ ਕਾਰਕਾਂ ਦਾ ਵਿਸ਼ਲੇਸ਼ਣ ਕਰੋ । *2×2=4*

## ਖੰਡ ਗ

**12.** (a) 1970 ਦੇ ਦਹਾਕੇ ਦੀਆਂ ਕਿਸੇ ਤਿੰਨ ਘਟਨਾਵਾਂ ਤੇ ਰੋਸ਼ਨੀ ਪਾਓ ਜਿਹੜੀਆਂ ਭਾਰਤ ਵਿਚ ਕੇਂਦਰ ਸਰਕਾਰ ਅਤੇ ਨਿਆਂਪਾਲਿਕਾ ਦੇ ਵਿਚ ਮਤਭੇਦ ਦਾ ਕਾਰਨ ਬਣੀਆਂ । *3×2=6*

**ਜਾਂ**

(b) 1975 ਵਿਚ ਘੋਸ਼ਿਤ ਆਪਾਤਕਾਲ ਤੋਂ ਸਿੱਖੇ ਗਏ ਕਿਸੇ ਤਿੰਨ ਸਬਕਾਂ ਤੇ ਰੋਸ਼ਨੀ ਪਾਓ । *3×2=6*

**13.** (a) ਯੂਰੋਪੀ ਸੰਘ ਦੇ ਬਹੁਤ ਹੀ ਪ੍ਰਭਾਵਸ਼ਾਲੀ ਖੇਤਰੀ ਸੰਗਠਨ ਹੋਣ ਦੇ ਲਈ ਜੁੰਮੇਵਾਰ ਕਿਸੇ ਤਿੰਨ ਕਾਰਕਾਂ ਦਾ ਵਿਸ਼ਲੇਸ਼ਣ ਕਰੋ । *3×2=6*

**ਜਾਂ**

(b) ਇਕ ਆਰਥਿਕ ਸੰਘ ਦੇ ਰੂਪ ਵਿਚ ਆਸਿਆਨ (ASEAN) ਦੀ ਭੂਮਿਕਾ ਦਾ ਮੁਲਾਂਕਣ ਕਰੋ । *6*